**ਮੌਜੂਦਾ ਅਤੇ ਯੋਜਨਾਬੱਧ ਉਪਾਅ**
**ਨਸਲੀ ਬਰਾਬਰੀ ਦੇ ਪ੍ਰਚਾਰ ਲਈ**

**ਬਿਲਡਿੰਗ ਵਿਭਾਗ**

ਬਿਲਡਿੰਗਜ਼ ਡਿਪਾਰਟਮੈਂਟਸ (BD) ਬਿਲਡਿੰਗਜ਼ ਆਰਡੀਨੈਂਸ ਦੇ ਲਾਗੂ ਹੋਣ 'ਤੇ ਮੌਜੂਦਾ ਅਤੇ ਨਵੀਂ ਨਿਜੀ ਇਮਾਰਤਾਂ ਦੇ ਮਾਲਕਾਂ ਅਤੇ ਵਸਨੀਕਾਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।

ਸੰਬੰਧਤ ਸੇਵਾਵਾਂ

- ਮੌਜੂਦਾ ਇਮਾਰਤਾਂ ਦੇ ਸੰਬੰਧ ਵਿੱਚ, ਸਾਡੀ ਸੇਵਾਵਾਂ ਵਿੱਚ ਸ਼ਾਮਲ ਹੈ - ਅਣਅਧਿਕਾਰਤ ਇਮਾਰਤਾਂ ਦੇ ਕੰਮਾਂ ਅਤੇ ਵਿਗਿਆਪਨ ਦੇ ਸਾਈਨ ਬੋਰਡਾਂ ਕਾਰਨ ਹੋਣ ਵਾਲੇ ਜੋਖਮਾਂ ਅਤੇ ਪ੍ਰੇਸ਼ਾਨੀਆਂ ਨੂੰ ਘਟਾਉਣਾ; ਪੁਰਾਣੀਆਂ ਇਮਾਰਤਾਂ, ਡਰੇਨੇਜ ਅਤੇ ਲਾਣਾਂ ਦੀ ਸਹੀ ਮੁਰੰਮਤ ਅਤੇ ਦੇਖਭਾਲ ਦੀ ਮਹੱਤਤਾ ਨੂੰ ਉਤਸ਼ਾਹਤ ਕਰਨਾ; ਬਦਲਾਵ-ਕਾਰਜਾਂ ਨੂੰ ਵਿੱਚਾਰਨਾ ਅਤੇ ਸਵੀਕਾਰ ਕਰਨਾ; ਮਾਈਨਰ ਵਰਕ ਕੰਟਰੋਲ ਸਿਸਟਮ ਦੀ ਘਰੇਲੂ ਮਾਈਨਰ ਵਰਕ ਵੇਲੀਡੈਸਨ ਸਕੀਮ ਅਤੇ ਸਧਾਰਣ ਜ਼ਰੂਰਤਾਂ ਦੇ ਅਧੀਨ ਪ੍ਰਸਤੁਤੀਆਂ ਤੇ ਪ੍ਰਕਿਰਿਆ ਕਰਨਾ; ਇਮਾਰਤਾਂ ਵਿੱਚ ਅੱਗ ਤੋਂ ਸੁਰੱਖਿਆ ਦੇ ਉਪਾਵਾਂ ਵਿੱਚ ਸੁਧਾਰ ਕਰਨਾ ਅਤੇ ਨਿਰਧਾਰਤ ਵਪਾਰਕ ਵਰਤੋਂ ਲਈ ਲਾਇਸੈਂਸ ਦੇਣ ਲਈ ਇਮਾਰਤ ਦੀ ਅਨੁਕੂਲਤਾ ਬਾਰੇ ਸਲਾਹ ਦੇਣਾ।

- ਨਵੀਆਂ ਇਮਾਰਤਾਂ ਦੇ ਸੰਬੰਧ ਵਿੱਚ, ਵਿਭਾਗ ਇਮਾਰਤਾਂ ਦੀ ਉਸਾਰੀ ਦੀਆਂ ਯੋਜਨਾਵਾਂ ਦੀ ਜਾਂਚ ਕਰਦਾ ਹੈ ਅਤੇ ਪ੍ਰਵਾਨਗੀ ਦਿੰਦਾ ਹੈ, ਨਿਰਮਾਣ ਕਾਰਜਾਂ ਅਤੇ ਸਾਈਟ ਦੀ ਸੁਰੱਖਿਆ ਬਾਰੇ ਆਡਿਟ ਕਰਦਾ ਹੈ ਅਤੇ ਨਵੀਆਂ ਇਮਾਰਤਾਂ ਦੇ ਮੁਕੰਮਲ ਹੋਣ ਤੇ ਕਬਜ਼ਾ ਪਰਮਿਟ ਜਾਰੀ ਕਰਦਾ ਹੈ।

- ਵਿਭਾਗ ਵੱਖ-ਵੱਖ ਨਸਲਾਂ ਦੇ ਕਾਰਨ ਸਭਿਆਚਾਰਕ ਅਤੇ ਭਾਸ਼ਾਈ ਭਿੰਨਤਾ ਦੀ ਪਰਵਾਹ ਕੀਤੇ ਬਿਨਾਂ ਪੇਸ਼ੇਵਰਤਾ ਅਤੇ ਨਿਰਪੱਖਤਾ ਨਾਲ ਕੰਮ ਕਰਦਾ ਹੈ।

ਮੌਜੂਦਾ ਉਪਾਅ

- ਸੇਵਾਵਾਂ ਚੀਨੀ ਅਤੇ/ਜਾਂ ਅੰਗਰੇਜ਼ੀ ਵਿੱਚ ਦਿੱਤੀਆਂ ਜਾਂਦੀਆਂ ਹਨ। ਵਿਭਾਗੀ ਵੈਬਸਾਈਟ ਦੀ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਹੈ।

- ਸਰਵਜਨਕ ਲੋਕਾਂ ਨੂੰ ਵੰਡਣ ਲਈ ਉਪਲਬਧ ਸਾਰੇ ਪਰਚੇ ਅਤੇ ਰਸਾਲੇ, ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਛਾਪੇ ਗਏ ਹਨ।

- ਘੱਟ ਗਿਣਤੀਆਂ ਦੇ ਵਸਨੀਕਾਂ ਦੀ ਏਕਤਾ ਅਤੇ ਵਾਧਾ ਲਈ ਕੇਂਦਰ (CHEER) ਦੁਆਰਾ ਤਿਆਰ ਕੀਤਾ ਗਿਆ ਭਾਸ਼ਾ ਸ਼ਨਾਖਤੀ ਕਾਰਡ ਸੇਵਾ ਕਾਊਨਟਰ ਵਿੱਚ ਇਕ ਪ੍ਰਮੁੱਖ ਥਾਂ ਤੇ ਰਖਿਆ ਗਿਆ ਹੈ। ਜਿਥੇ

| | | |
|---|---|---|
| | | ਵੀ ਜਰੂਰੀ ਹੈ, CHEER ਦੁਆਰਾ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ। CHEER ਅੱਠ ਭਾਸ਼ਾਵਾਂ ਵਿੱਚ ਟੈਲੀਫੋਨ ਅਨੁਵਾਦ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਵੇਂ ਕਿ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਾਗਾਲੋਗ, ਥਾਈ ਅਤੇ ਵੀਅਤਨਾਮੀ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • | ਵਿਭਾਗ ਸਮੇਂ-ਸਮੇਂ ਤੇ ਸਾਡੀਆਂ ਸੇਵਾਵਾਂ ਦਾ ਮੁਲਾਂਕਣ ਕਰੇਗਾ, ਜਰੂਰੀ ਅਤੇ ਲੋੜ ਹੋਣ ਤੇ ਸਾਡੀਆਂ ਸੇਵਾਵਾਂ ਨੂੰ ਹੋਰ ਵਧਾਉਣ ਲਈ ਜਨਤਾ ਅਤੇ ਕਰਮਚਾਰੀਆਂ ਦੇ ਸੁਝਾਵਾਂ 'ਤੇ ਵਿੱਚਾਰ ਕਰੇਗਾ। |
| ਲਏ ਗਏ/ ਲਏ ਜਾਣ ਵਾਲੇ ਵਾਧੂ ਉਪਾਅ | • | ਸਿਵਲ ਸਰਵਿਸ ਟ੍ਰੇਨਿੰਗ ਐਂਡ ਡਿਵੈਲਪਮੈਂਟ ਇੰਸਟੀਚਿਊਟ, ਸਮਾਨ ਅਵਸਰਾਂ ਦੇ ਕਮਿਸ਼ਨ ਜਾਂ ਇਸ ਨਾਲ ਸਬੰਧਤ ਸੰਸਥਾਵਾਂ ਦੁਆਰਾ ਆਯੋਜਿਤ ਨਸਲੀ ਸੰਵੇਦਨਸ਼ੀਲਤਾ ਅਤੇ ਸਭਿਆਚਾਰਕ ਵਿਭਿੰਨਤਾ ਅਤੇ ਨਸਲੀ ਵਿਤਕਰੇ ਦਾ ਆਰਡੀਨੈਂਸ (RDO) ਅਤੇ ਇਸ ਨਾਲ ਸਬੰਧਤ ਦਿਸ਼ਾ ਨਿਰਦੇਸ਼ਾਂ ਬਾਰੇ ਕਰਮਚਾਰੀਆਂ ਨੂੰ ਸਿਖਲਾਈ ਕੋਰਸਾਂ ਵਿੱਚ ਭੇਜਣ ਦਾ ਪ੍ਰਬੰਧ ਵਿਭਾਗ ਕਰੇਗਾ। |
| | • | ਵਿਭਾਗ ਸੇਵਾ ਉਪਭੋਗਤਾਵਾਂ ਅਤੇ ਕਰਮਚਾਰੀਆਂ ਤੋਂ ਪ੍ਰਾਪਤ ਕੀਤੀ ਗਈ ਫੀਡਬੈਕ ਨੂੰ ਇਕੱਤਰ ਕਰੇਗਾ ਅਤੇ ਉਸਦਾ ਮੁਲਾਂਕਣ ਕਰੇਗਾ। |

ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਦੇ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਸਾਡੇ ਬਿਲਡਿੰਗ ਸਰਵੇਰ / ਤਕਨੀਕੀ ਸੇਵਾਵਾਂ 2 (Mr. Jason SEE) ਨਾਲ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰਬਰ | : | 3842 3444 |
| ਫੈਕਸ ਨੰਬਰ | : | 2537 4992 |
| ਈ - ਮੇਲ | : | enquiry@bd.gov.hk |
| ਡਾਕ ਪਤਾ | : | ਬਿਲਡਿੰਗ ਵਿਭਾਗ<br>G/F, Buildings Department Headquarters, North Tower, West Kowloon Government Offices,<br>11 Hoi Ting Road, Yau Ma Tei, Kowloon |

**ਬਿਲਿਡੰਗ ਵਿਭਾਗ**
**ਜੂਨ 2023**